ਸਵੈ-ਘੋਸ਼ਣਾ

- ਮੈ ਬਿਆਨ ਕਰਦੀ/ ਕਰਦਾ ਹਾਂ ਕਿ ਇਹ ਦਾਖ਼ਲਾ ਮੈਂ ਆਪਣੇ ਮਾਤਾ-ਪਿਤਾ/ਸਰਪ੍ਰਸਤ ਦੀ ਇੱਛਾ ਅਨੁਸਾਰ ਲੈ ਰਹੀ/ ਰਿਹਾ ਹਾਂ। ਮੇਰੇ ਮਾਤਾ-ਪਿਤਾ/ਸਰਪ੍ਰਸਤ ਸਾਂਝੇ ਅਤੇ ਵਿਅਕਤੀਗਤ ਰੂਪ ਵਿੱਚ ਮੰਨਦੇ ਹਨ ਅਤੇ ਵਚਨ ਦਿੰਦੇ ਹਨ ਕਿ ਕਾਲਜ ਨੂੰ ਅਦਾ ਕਰਨ ਯੋਗ ਫੀਸਾਂ/ ਫੰਡ ਅਤੇ ਰਕਮਾਂ ਸਮੇਂ ਸਿਰ ਅਦਾ ਕਰਨਗੇ ਅਤੇ ਉਸ ਸੰਬੰਧੀ ਨੁਕਸਾਨ ਜਾਂ ਖ਼ਰਚ ਜੋ ਕਿ ਅਜਿਹੀਆਂ ਅਦਾਇਗੀਆਂ ਸਮੇਂ ਸਿਰ ਨਾ ਕਰਨ ਦੀ ਸੂਰਤ ਵਿੱਚ ਹੋਵੇਗਾ, ਲਈ ਉਹ ਖੁਦ ਜ਼ਿੰਮੇਵਾਰ ਹੋਣਗੇ।
- ਮੈਂ ਤਸਦੀਕ ਕਰਦੀ/ ਕਰਦਾ ਹਾਂ ਕਿ ਮੈਂ ਕਿਸੇ ਹੋਰ ਸੰਸਥਾ ਵਿੱਚ ਦਾਖ਼ਲਾ ਨਹੀਂ ਲਿਆ, ਮੇਰਾ ਕਿਸੇ ਵੀ ਲਹਿਰ ਵਿੱਚ ਹਿੱਸਾ ਲੈਣ, ਸਿੱਧੇ ਜਾਂ ਅਸਿੱਧੇ ਢੰਗ ਨਾਲ ਕਿਸੇ ਹੋਰ ਵਿਦਿਆਰਥੀ ਨੂੰ ਅਜਿਹਾ ਕਰਨ, ਉਕਸਾਉਣ ਜਾਂ ਅਜਿਹੇ ਕੰਮ ਜੋ ਕਾਲਜ ਅਨੁਸ਼ਾਸਨ ਦੇ ਵਿਰੁੱਧ ਹੋਣ, ਵਿੱਚ ਹਿੱਸਾ ਲੈਣ ’ਤੇ ਜੇਕਰ ਮੇਰਾ ਨਾਮ ਕਾਲਜ ਵਿੱਚੋਂ ਕੱਟ ਦਿੱਤਾ ਜਾਂਦਾ ਹੈ/ਕਾਲਜ ਵਿੱਚੋਂ ਮੈਨੂੰ ਕੱਢਿਆ ਜਾਂਦਾ ਹੈ ਤਾਂ ਉਸ ਦੀ ਜ਼ਿੰਮੇਵਾਰੀ ਮੇਰੀ ਆਪਣੀ ਹੋਵੇਗੀ।
- ਇਸ ਫਾਰਮ ਵਿੱਚ ਭਰਿਆ ਹੋਇਆ ਵੇਰਵਾ ਅਤੇ ਦਸਤਾਵੇਜ਼ ਸਹੀ ਹਨ. ਜੇ ਕਿਸੇ ਗਲਤ ਬਿਆਨ ਜਾਂ ਦਸਤਾਵੇਜ਼ ਕਾਰਨ ਮੈਨੂੰ ਦਾਖ਼ਲਾ ਮਿਲ ਗਿਆ ਹੈ ਤਾਂ ਗਲਤੀ ਪਤਾ ਲੱਗਣ ’ਤੇ ਦਾਖ਼ਲਾ ਖਾਰਜ ਕੀਤੇ ਜਾਣ ’ਤੇ ਮੈਨੂੰ ਕੋਈ ਇਤਰਾਜ਼ ਨਹੀਂ ਹੋਵੇਗਾ ਅਤੇ ਯੂਨੀਵਰਸਿਟੀ ਵੱਲੋਂ ਕੀਤੇ ਜੁਰਮਾਨੇ ਦੀ ਰਕਮ ਮੈਂ ਅਦਾ ਕਰਾਂਗੀ/ ਕਰਾਗਾਂ।
- ਮੈਂ ਕਾਲਜ ਵੈੱਬਸਾਈਟ ਤੋਂ ਪ੍ਰਾਸਪੈਕਟਸ ਵਿਚਲੀਆਂ ਹਦਾਇਤਾਂ ਪੜ੍ਹ ਲਈਆਂ ਹਨ ਅਤੇ ਮੈਂ ਉਹਨਾਂ ਪ੍ਰਤੀ ਵਚਨਬੱਧ ਹਾਂ।
- ਮੈਂ ਰੈਗੂਲਰ ਕਲਾਸਾਂ ਵਿੱਚ ਹਾਜ਼ਰ ਰਹਾਂਗੀ/ਰਹਾਂਗਾ। ਲਗਾਤਾਰ ਗੈਰ ਹਾਜ਼ਰ ਰਹਿਣ ਦੀ ਸੂਰਤ ਵਿੱਚ ਮੇਰਾ ਦਾਖਲਾ ਰੱਦ ਕਰ ਦਿੱਤਾ ਜਾਵੇ।
- ਮੈਂ ਕਿਸੇ ਵੀ ਗ਼ੈਰ ਸਮਾਜਿਕ ਗਤੀਵਿਧੀਆਂ ਵਿੱਚ ਹਿੱਸਾ ਨਹੀਂ ਲਵਾਂਗੀ/ਲਵਾਂਗਾ।
- ਮੈਂ ਕਿਸੇ ਵੀ ਪ੍ਰਕਾਰ ਦੀ ਰੈਗਿੰਗ ਦਾ ਭਾਗੀਦਾਰ ਨਹੀਂ ਬਣਾਂਗੀ/ਬਣਾਂਗਾ। ਅਜਿਹਾ ਕਰਨ ਦੀ ਸੂਰਤ ਵਿੱਚ ਮੇਰਾ ਦਾਖਲਾ ਰੱਦ ਕਰ ਦਿੱਤਾ ਜਾਵੇ।
- ਚਾਲੂ ਸੈਸ਼ਨ ਦੌਰਾਨ ਜੇਕਰ ਕੋਈ ਵਿਦਿਆਰਥੀ ਕਿਸੇ ਵੀ ਵਜ੍ਹਾ ਕਾਰਨ ਆਪਣੀ ਪੜ੍ਹਾਈ ਵਿਚਕਾਰ ਛੱਡ ਕੇ ਜਾਂਦਾ ਹੈ ਤਾਂ ਉਹ ਪੂਰੇ ਸਾਲ ਦੀ ਫੀਸ ਭਰਨ ਲਈ ਜਿੰਮੇਵਾਰ ਹੋਵੇਗਾ।.
- ਉਪਰੋਕਤ ਬਿਆਨਾਂ ਪ੍ਰਤੀ ਮੈਂ ਵਚਨਬੱਧ ਹਾਂ।
- ਉਪਰੋਕਤ ਬਿਆਨ ਨਾਲ ਸਹਿਮਤ ਹੋ ਤਾਂ ਅੱਗੇ ਵੱਧੋ।